Australian Government
Department of Education and Training

# ਅਡਲਟ ਮਾਈਗ੍ਰੈਂਟ ਇੰਗਲਿਸ਼ ਪ੍ਰੋਗਰਾਮ (Adult Migrant English Program) ਦੁਆਰਾ ਅੰਗਰੇਜ਼ੀ ਸਿੱਖੋ

## Adult Migrant English Program

ਅੰਗਰੇਜ਼ੀ ਆਸਟਰੇਲੀਆ ਦੀ ਰਾਸ਼ਟਰੀ ਭਾਸ਼ਾ ਹੈ। ਆਸਟ੍ਰੇਲੀਆ ਵਿੱਚ ਲੋਕ ਬਹੁਤ ਸਾਰੀਆਂ ਭਾਸ਼ਾਵਾਂ ਬੋਲਦੇ ਹਨ, ਪਰ ਅੰਗਰੇਜ਼ੀ ਬੋਲਣ ਅਤੇ ਸਮਝਣ ਨਾਲ ਤੁਹਾਨੂੰ ਆਸਟਰੇਲੀਆਈ ਜੀਵਨ ਵਿੱਚ ਪੂਰੀ ਤਰ੍ਹਾਂ ਹਿੱਸਾ ਲੈਣ ਵਿੱਚ ਮੱਦਦ ਮਿਲੇਗੀ। ਅੰਗਰੇਜ਼ੀ ਤੋਂ ਬਿਨਾਂ, ਤੁਹਾਨੂੰ ਆਸਟਰੇਲੀਆਈ ਨਾਗਰਿਕਤਾ ਪ੍ਰਾਪਤ ਕਰਨਾ, ਮਹੱਤਵਪੂਰਨ ਸੇਵਾਵਾਂ ਤੱਕ ਪਹੁੰਚਣਾ ਅਤੇ ਸਵੈ-ਨਿਰਭਰ ਬਣਨਾ ਮੁਸ਼ਕਲ ਲੱਗੇਗਾ।

ਅੰਗਰੇਜ਼ੀ ਸਿੱਖਣ ਵਿੱਚ ਤੁਹਾਡੀ ਮੱਦਦ ਲਈ, ਤੁਸੀਂ Adult Migrant English Program (AMEP) ਵਿੱਚ ਹਿੱਸਾ ਲੈਣ ਦੇ ਯੋਗ ਹੋ ਸਕਦੇ ਹੋ।

## AMEP ਕੀ ਹੈ?

AMEP ਨੂੰ ਆਸਟ੍ਰੇਲੀਅਨ ਸਰਕਾਰ (Australian Government) ਦੁਆਰਾ ਫੰਡ ਕੀਤਾ ਜਾਂਦਾ ਹੈ ਅਤੇ ਯੋਗ ਪ੍ਰਵਾਸੀਆਂ ਅਤੇ ਮਾਨਵਤਾਵਾਦੀ ਦਾਖਲਿਆਂ ਰਾਹੀਂ ਆਏ ਲੋਕਾਂ ਲਈ 510 ਘੰਟੇ ਤੱਕ ਮੁਫ਼ਤ ਅੰਗ੍ਰੇਜ਼ੀ ਭਾਸ਼ਾ ਦੀ ਸਿੱਖਿਆ ਪ੍ਰਦਾਨ ਕਰਦਾ ਹੈ। ਜੇ ਤੁਹਾਨੂੰ ਸਥਾਈ ਵੀਜ਼ਾ ਜਾਂ ਇੱਕ ਯੋਗ ਅਸਥਾਈ ਵੀਜ਼ਾ ਮੰਨਜ਼ੂਰ ਕੀਤਾ ਗਿਆ ਹੈ ਅਤੇ ਜੇਕਰ ਤੁਸੀਂ ਅੰਗਰੇਜ਼ੀ ਬਹੁਤ ਘੱਟ ਜਾਂ ਬਿਲਕੁਲ਼ ਹੀ ਨਹੀਂ ਬੋਲਦੇ ਹੋ, ਤਾਂ ਤੁਸੀਂ AMEP ਲਈ ਯੋਗ ਹੋ ਸਕਦੇ ਹੋ। 15 ਤੋਂ 17 ਸਾਲ ਦੀ ਉਮਰ ਦੇ ਕੁੱਝ ਪ੍ਰਵਾਸੀ ਨੌਜਵਾਨ ਵੀ ਯੋਗ ਹੋ ਸਕਦੇ ਹਨ।

AMEP ਕਲਾਸ ਵਿੱਚ, ਤੁਸੀਂ ਅੰਗਰੇਜ਼ੀ ਭਾਸ਼ਾ ਦਾ ਹੁਨਰ ਅਤੇ ਆਸਟਰੇਲੀਅਨ ਸਮਾਜ ਬਾਰੇ ਜਾਣਕਾਰੀ ਸਿੱਖੋਗੇ। ਤੁਸੀਂ ਹੋਰ ਨਵੇਂ ਆਉਣ ਵਾਲਿਆਂ ਨੂੰ ਮਿਲੋਗੇ ਅਤੇ ਨਵੇਂ ਦੋਸਤ ਵੀ ਬਣਾ ਸਕਦੇ ਹੋ। ਇਹ ਸਭ ਕੁੱਝ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਆਸਟ੍ਰੇਲੀਆ ਵਿੱਚ ਸਫਲਤਾਪੂਰਵਕ ਵੱਸਣ ਵਿੱਚ ਮੱਦਦ ਕਰੇਗਾ। ਜੇਕਰ ਤੁਸੀਂ ਆਸਟਰੇਲੀਆ ਵਿੱਚ ਕੰਮ ਕਰਨਾ ਚਾਹੁੰਦੇ ਹੋ, ਤਾਂ ਅੰਗਰੇਜ਼ੀ ਭਾਸ਼ਾ ਦੇ ਹੁਨਰ ਵੀ ਬਹੁਤ ਮਹੱਤਵਪੂਰਨ ਹੈ।
AMEP ਮੰਨਜ਼ੂਰ-ਸੁਦਾ ਸੇਵਾ ਪ੍ਰਦਾਨਕਾਂ ਦੁਆਰਾ ਪ੍ਰਦਾਨ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਅਧਿਆਪਕਾਂ ਦੁਆਰਾ ਸਿਖਾਇਆ ਜਾਂਦਾ ਹੈ, ਜਿਹੜੇ ਹੋਰਨਾਂ ਭਾਸ਼ਾਵਾਂ ਦੇ ਬੁਲਾਰਿਆਂ ਨੂੰ ਅੰਗਰੇਜ਼ੀ ਸਿਖਾਉਣ ਲਈ ਸਿਖਲਾਈ ਪ੍ਰਾਪਤ ਹੁੰਦੇ ਹਨ।

# ਮੈਂ ਕਿਵੇਂ ਨਾਮ ਦਰਜ ਕਰਾਵਾਂ?

AMEP ਦੁਆਰਾ ਅੰਗਰੇਜ਼ੀ ਭਾਸ਼ਾ ਦੀ ਟਿਊਸ਼ਨ ਲੈਣ ਲਈ, ਤੁਹਾਨੂੰ ਪਹੁੰਚਣ ਜਾਂ ਵੀਜ਼ਾ ਸ਼ੁਰੂ ਹੋਣ ਦੇ ਛੇ ਮਹੀਨੇ ਦੇ ਅੰਦਰ AMEP ਤੋਂ ਮੰਨਜ਼ੂਰ-ਸੁਦਾ ਸੇਵਾ ਪ੍ਰਦਾਨਕ ਨਾਲ ਰਜਿਸਟਰ ਹੋਣਾ ਜ਼ਰੂਰੀ ਹੈ। ਤੁਹਾਨੂੰ ਆਸਟ੍ਰੇਲੀਆ ਪਹੁੰਚਣ ਦੇ ਜਾਂ ਤੁਹਾਡੇ ਵੀਜ਼ੇ ਸ਼ੁਰੂ ਹੋਣ ਤੋਂ ਲੈ ਕੇ 12 ਮਹੀਨਿਆਂ ਦੇ ਅੰਦਰ ਅੰਗਰੇਜ਼ੀ ਕਲਾਸਾਂ ਸ਼ੁਰੂ ਕਰਨੀਆ ਪੈਣਗੀਆ।

AMEP ਦੁਆਰਾ ਅੰਗਰੇਜ਼ੀ ਸਿੱਖਣ ਲਈ, ਤੁਹਾਡੇ ਕੋਲ ਆਸਟ੍ਰੇਲੀਆ ਪਹੁੰਚਣ ਦੀ ਤਾਰੀਖ਼ ਜਾਂ ਵੀਜ਼ਾ ਅਰੰਭ ਹੋਣ ਦੇ ਦਿਨ ਤੋਂ ਲੈ ਕੇ 5 ਸਾਲ ਹਨ। ਤੁਹਾਡੀਆਂ ਜ਼ਰੂਰਤਾਂ ਦੇ ਆਧਾਰ 'ਤੇ ਤੁਸੀਂ ਵਾਧੂ ਕਲਾਸਾਂ ਲਈ ਯੋਗ ਹੋ ਸਕਦੇ ਹੋ।

ਤੁਹਾਡਾ ਸੇਵਾ ਪ੍ਰਦਾਤਾ ਤੁਹਾਡੇ ਲਈ ਇੱਕ ਵਧੀਆ ਕਲਾਸ ਚੁਣਨ ਵਿੱਚ ਸਹਾਇਤਾ ਕਰੇਗਾ, ਜੋ ਤੁਹਾਡੇ ਲਈ ਸਭ ਤੋਂ ਵਧੀਆ ਢੁਕਵੀਂ ਹੋਵੇਗੀ ਅਤੇ ਤੁਹਾਡੇ ਲਈ ਸਭ ਤੋਂ ਵਧੀਆ ਸੰਭਾਵੀ ਨਤੀਜੇ ਨੂੰ ਯਕੀਨੀ ਬਣਾਉਣ ਵਿੱਚ ਮੱਦਦ ਕਰੇਗੀ। ਵੱਖ-ਵੱਖ ਸਮੇਂ ਅਤੇ ਵੱਖੋ ਵੱਖਰੇ ਸਥਾਨਾਂ 'ਤੇ ਫੁੱਲ-ਟਾਈਮ ਅਤੇ ਪਾਰਟ-ਟਾਈਮ ਕਲਾਸਾਂ ਹੁੰਦੀਆਂ ਹਨ ਤਾਂ ਜੋ ਤੁਸੀਂ ਸਿੱਖ ਸਕੋ ਕਿ ਜਦੋਂ ਅਤੇ ਜਿੱਥੇ ਇਹ ਤੁਹਾਡੇ ਲਈ ਮੁਨਾਸਬ ਹੈ।

# ਟਿਊਸ਼ਨ ਸਟਰੀਮ

ਤੁਹਾਡੀਆਂ ਜ਼ਰੂਰਤਾਂ ਨੂੰ ਬਿਹਤਰ ਢੰਗ ਨਾਲ ਪੂਰਾ ਕਰਨ ਲਈ, ਤੁਹਾਡਾ AMEP ਸੇਵਾ ਪ੍ਰਦਾਤਾ ਤੁਹਾਨੂੰ ਟਿਊਸ਼ਨ ਦੇ ਦੋ ਸਟਰੀਮਾਂ ਵਿੱਚੋਂ ਚੋਣ ਕਰਨ ਵਿੱਚ ਸਹਾਇਤਾ ਕਰੇਗਾ:

- **ਪੂਰਵ-ਰੁਜ਼ਗਾਰ ਇੰਗਲਿਸ਼ ਸਟ੍ਰੀਮ** - ਉਹਨਾਂ ਗਾਹਕਾਂ ਲਈ ਜੋ ਕੰਮ ਦੇ ਸਥਾਨ ਵਿੱਚ ਹਿੱਸਾ ਲੈਣ ਲਈ ਕਾਰਜਸ਼ੀਲ ਅੰਗ੍ਰੇਜ਼ੀ ਸਿੱਖਣਾ ਚਾਹੁੰਦੇ ਹਨ, ਜਾਂ ਅੱਗੇ ਹੋਰ ਸਿਖਲਾਈ ਜਿਸ ਨਾਲ ਟਿਕਾਊ ਰੁਜ਼ਗਾਰ ਮਿਲ ਸਕਦਾ ਹੈ
- **ਸੋਸ਼ਲ ਇੰਗਲਿਸ਼ ਸਟ੍ਰੀਮ** - ਉਹਨਾਂ ਗਾਹਕਾਂ ਲਈ ਜੋ ਸਮਾਜਿਕ ਤੌਰ 'ਤੇ ਹਿੱਸਾ ਲੈਣ ਵਿੱਚ ਆਪਣੀ ਮੱਦਦ ਕਰਨ ਲਈ ਅਤੇ ਉਨ੍ਹਾਂ ਦੇ ਸਥਾਨਕ ਭਾਈਚਾਰੇ ਵਿੱਚ ਸਵੈ-ਨਿਰਭਰਤਾ ਨਾਲ ਰਹਿਣ ਦਾ ਆਤਮ-ਵਿਸ਼ਵਾਸ ਹਾਸਲ ਕਰਨ ਲਈ ਗੱਲਬਾਤ ਕਰਨ ਵਾਲੀ ਅੰਗਰੇਜ਼ੀ ਵਿੱਚ ਆਪਣੀ ਯੋਗਤਾ ਨੂੰ ਸੁਧਾਰਨ ਦੇ ਚਾਹਵਾਨ ਹਨ।

ਤੁਸੀਂ ਕਿਸੇ ਵੀ ਸਟਰੀਮ ਵਿੱਚ ਜਾਂ ਦੋਵੇਂ ਦੇ ਸੁਮੇਲ ਵਿੱਚ ਤੁਹਾਡੇ 510 ਵਿਧਾਨਕ ਘੰਟਿਆਂ ਦੇ ਹੱਕ ਦੀ ਵਰਤੋਂ ਕਰ ਸਕਦੇ ਹੋ।

ਆਪਸੀ ਜ਼ਿੰਮੇਵਾਰੀ ਦੀਆਂ ਸ਼ਰਤਾਂ ਦੇ ਨਾਲ ਆਮਦਨੀ ਸਹਾਇਤਾ ਭੁਗਤਾਨ ਪ੍ਰਾਪਤ ਕਰਨ ਵਾਲੇ ਗਾਹਕ ਸੋਸ਼ਲ ਇੰਗਲਿਸ਼ ਸਟਰੀਮ ਲਈ ਯੋਗ ਨਹੀਂ ਹੋਣਗੇ।

# ਜੇ ਮੈਂ ਕਲਾਸ ਵਿਚ ਨਹੀਂ ਜਾ ਸਕਦਾ ਤਾਂ?

ਜੇ ਤੁਸੀਂ ਆਪਣੀ ਕਲਾਸ ਵਿੱਚ ਨਹੀਂ ਆ ਸਕਦੇ, ਤਾਂ ਆਪਣੇ AMEP ਪ੍ਰਦਾਤਾ ਨਾਲ ਗੱਲ ਕਰੋ। ਹੋ ਸਕਦਾ ਹੈ ਕਿ ਸੇਵਾ ਪ੍ਰਦਾਤਾ ਤੁਹਾਨੂੰ ਅੰਗਰੇਜ਼ੀ ਸਿੱਖਣ ਲਈ, ਘਰੇਲੂ ਸਿੱਖਿਅਕ ਨਾਲ ਜਾਂ AMEP ਅਧਿਆਪਕ-ਸਹਾਇਕ ਡਿਸਟੈਂਸ ਲਰਨਿੰਗ ਨਾਲ ਔਨਲਾਈਨ ਸਹਾਇਤਾ ਕਰਨ ਯੋਗ ਹੋਵੇ।

ਤੁਸੀਂ www.amepdl.net.au. 'ਤੇ AMEP ਸਵੈ-ਰਫ਼ਤਾਰ ਈ-ਲਰਨਿੰਗ ਮੈਡਿਊਲ ਵਰਤ ਕੇ ਆਪਣੀ ਖੁਦ ਦੀ ਰਫ਼ਤਾਰ 'ਤੇ ਵੀ ਸਿੱਖ ਸਕਦੇ ਹੋ। ਲੋਕਾਂ ਨੂੰ ਅੰਗਰੇਜ਼ੀ ਸਿੱਖਣ ਵਿੱਚ ਮਦਦ ਕਰਨ ਲਈ, ਇਹ ਮੁਫ਼ਤ ਪਾਠ ਹਰ ਇੱਕ ਲਈ ਉਪਲਬੱਧ ਹਨ (ਨਾ ਕਿ ਕੇਵਲ AMEP ਗਾਹਕਾਂ ਲਈ)।

## AMEP ਉਪ ਪ੍ਰੋਗਰਾਮ

ਜੇ ਤੁਹਾਡੀਆਂ ਕੋਈ ਖ਼ਾਸ ਲੋੜਾਂ ਹਨ ਤਾਂ ਤੁਸੀਂ ਵਾਧੂ ਟਿਊਸ਼ਨ ਦੇ ਯੋਗ ਹੋ ਸਕਦੇ ਹੋ।

### ਵਿਸ਼ੇਸ਼ ਤਿਆਰੀ ਪ੍ਰੋਗਰਾਮ (Special Preparatory Program)

Special Preparatory Program (SPP) ਮੁਸ਼ਕਲ ਪ੍ਰੀ-ਮਾਈਗਰੇਸ਼ਨ ਅਨੁਭਵ ਅਤੇ ਸੀਮਿਤ ਸਕੂਲੀ ਪੜ੍ਹਾਈ ਦੇ ਨਾਲ ਯੋਗ ਮਾਨਵਤਾਵਾਦੀ ਦਾਖਲੇ ਵਾਲੇ ਲੋਕਾਂ ਲਈ ਵਾਧੂ ਘੰਟੇ ਅਤੇ ਸਹਿਯੋਗ ਪੇਸ਼ ਕਰਦਾ ਹੈ।

### ਰੋਜ਼ਗਾਰ ਅਤੇ ਸਿਖਲਾਈ ਲਈ ਲੋੜੀਂਦੀ ਭਾਸ਼ਾ ਲਈ ਰਸਤਾ (Settlement Language Pathways to Employment and Training)

Settlement Language Pathways to Employment and Training (SLPET) ਪ੍ਰੋਗਰਾਮ ਯੋਗ ਵਿਦਿਆਰਥੀਆਂ ਨੂੰ ਰੁਜ਼ਗਾਰ ਕੇਂਦਰਿਤ ਕੋਰਸ ਪੇਸ਼ ਕਰਦਾ ਹੈ ਤਾਂ ਜੋ ਆਸਟਰੇਲਿਆਈ ਕੰਮ ਕਰਨ ਦੇ ਸਥਾਨਾਂ ਦੇ ਸੱਭਿਆਚਾਰ ਅਤੇ ਰਵਾਇਤਾਂ ਨਾਲ ਜਾਣ-ਪਛਾਣ ਕਰਦੇ ਹੋਏ, ਉਨ੍ਹਾਂ ਨੂੰ ਕਿੱਤਾ-ਵਿਸ਼ੇਸ਼ ਅੰਗਰੇਜ਼ੀ ਸਿੱਖਣ ਵਿੱਚ ਸਹਾਇਤਾ ਮਿਲ ਸਕੇ।

SLEPT ਵਿਵਸਾਇਕ-ਵਿਸ਼ੇਸ਼ ਅੰਗਰੇਜ਼ੀ ਭਾਸ਼ਾ ਦੀ ਟਿਊਸ਼ਨ ਦੇ 200 ਵਾਧੂ ਘੰਟੇ ਪ੍ਰਦਾਨ ਕਰਦਾ ਹੈ, ਜਿਸ ਵਿੱਚ ਉਦਯੋਗਾਂ ਦੇ ਵੱਖ-ਵੱਖ ਖੇਤਰਾਂ ਵਿੱਚ ਕੰਮ ਦੇ 80 ਘੰਟੇ ਤੱਕ ਦਾ ਤਜਰਬਾ ਸ਼ਾਮਲ ਹੈ।.

### AMEP ਵਿਸਤਾਰ (AMEP Extend)

AMEP ਐਕਸਟੈਂਡ ਪ੍ਰੋਗਰਾਮ ਉਹਨਾਂ ਯੋਗ ਵਿਦਿਆਰਥੀਆਂ ਲਈ 490 ਘੰਟੇ ਦੀ ਵਾਧੂ ਟਿਊਸ਼ਨ ਦੀ ਪੇਸ਼ਕਸ਼ ਕਰਦਾ ਹੈ ਜਿਨ੍ਹਾਂ ਨੇ ਆਪਣੀ ਅੰਗਰੇਜ਼ੀ ਭਾਸ਼ਾ ਦੀ 510 ਘੰਟੇ ਦੀ ਪਾਤਰਤਾ ਨੂੰ ਉਹਨਾਂ ਦੀ ਅੰਗਰੇਜ਼ੀ ਭਾਸ਼ਾ ਦੀ ਪ੍ਰਵੀਨਤਾ ਦੇ ਟੀਚਿਆਂ ਨੂੰ ਬਿਨਾਂ ਪ੍ਰਾਪਤ ਕੀਤੇ ਪੂਰੀ ਕਰਦੇ ਹਨ।

## AMEP ਬਾਲ-ਸੰਭਾਲ (AMEP child care)

ਤੁਹਾਡੀ ਕਲਾਸ ਵਿੱਚ ਹਾਜ਼ਰੀ ਦੌਰਾਨ, ਤੁਹਾਡਾ AMEP ਸੇਵਾ ਪ੍ਰਦਾਤਾ ਤੁਹਾਡੇ ਬੱਚਿਆਂ ਲਈ ਮੁਫ਼ਤ ਬਾਲ-ਦੇਖਭਾਲ ਦਾ ਪ੍ਰਬੰਧ ਕਰ ਸਕਦਾ ਹੈ। ਮੁਫ਼ਤ ਬਾਲ ਸੰਭਾਲ ਕੇਵਲ ਉਨ੍ਹਾਂ ਬੱਚਿਆਂ ਲਈ ਹੀ ਦਿੱਤੀ ਜਾਂਦੀ ਹੈ ਜੋ ਸਕੂਲੀ ਉਮਰ ਤੋਂ ਘੱਟ ਦੇ ਹੋਣ।

## AMEP ਮਾਰਗਦਰਸ਼ਕ ਰਸਤੇ (AMEP pathway guidance)

AMEP ਸੇਵਾ ਪ੍ਰਦਾਤਾ ਤੁਹਾਨੂੰ ਟੀਚਿਆਂ ਨੂੰ ਨਿਰਧਾਰਤ ਕਰਨ, ਤੁਹਾਡੇ ਵਿਕਲਪਾਂ ਨੂੰ ਸਮਝਣ ਅਤੇ ਤੁਹਾਡੇ ਟਿਊਸ਼ਨ,

ਅੱਗੇ ਦੀ ਪੜ੍ਹਾਈ ਅਤੇ ਰੁਜ਼ਗਾਰ ਦੇ ਮੌਕਿਆਂ ਦੇ ਸੰਬੰਧ ਵਿੱਚ ਫੈਸਲੇ ਕਰਨ ਵਿੱਚ ਤੁਹਾਡੀ ਸਹਾਇਤਾ ਕਰਨ ਲਈ ਮਾਰਗਦਰਸ਼ਕ ਰਸਤਿਆਂ ਦੀ ਪੇਸ਼ਕਸ਼ ਕਰਦਾ ਹੈ।

### ਹੋਰ ਜਾਣਕਾਰੀ ਲਈ

| AMEP | ਸੰਪਰਕ ਵੇਰਵੇ |
|---|---|
| ਟੈਲੀਫੋਨ | 13 38 73 |
| AMEP ਵੈੱਬਸਾਇਟ (AMEP Website) | www.education.gov.au/amep |
| **ਈ - ਮੇਲ** | skilling@education.gov.au |
| **ਅੰਗਰੇਜ਼ੀ ਤੋਂ ਇਲਾਵਾ ਦੂਜੀਆਂ ਭਾਸ਼ਾਵਾਂ ਵਿੱਚ ਜਾਣਕਾਰੀ (Information in languages other than English)** | www.education.gov.au/amep-information-other-languages |
| **ਮੈਂ ਅੰਗਰੇਜ਼ੀ ਕਿੱਥੇ ਸਿੱਖ ਸਕਦਾ ਹਾਂ? AMEP ਪ੍ਰਦਾਤਾ ਅਤੇ ਸਿੱਖਣ ਦੇ ਕੇਂਦਰ (AMEP providers and learning centres)** | www.education.gov.au/adult-migrant-english-program-service-providers |
| **AMEP ਔਨਲਾਈਨ (AMEP online)** | www.amepdl.net.au |